# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 29-06-2024**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਭਲਕੇ 30 ਜੂਨ ਨੂੰ ਸਵੇਰੇ 11 ਵਜੇ ਆਕਾਸ਼ਵਾਣੀ 'ਤੇ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਦੇਸ਼-ਵਿਦੇਸ਼ ਦੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ।
- ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਅਨੁਸਾਰ ਆਫ਼ਤ ਪ੍ਰਬੰਧਨ ਵਿੱਚ ਦੇਸ਼ ਵਧੀਆ ਅਭਿਆਸਾਂ ਨੂੰ ਅਪਣਾ ਰਿਹਾ ਏ।
- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ, ਕਿਹਾ ਏ ਕਿ ਸੂਬਾ ਸਰਕਾਰ ਸ਼ੇਰ- ਏ- ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਕਸ਼ੇ-ਕਦਮਾਂ 'ਤੇ ਚੱਲ ਰਹੀ ਏ ਤਾਂ ਜੋ ਸਮਾਜ ਦੇ ਹਰ ਵਰਗ ਦੀ ਭਲਾਈ ਯਕੀਨੀ ਬਣਾਈ ਜਾ ਸਕੇ।

- ਟਵੰਟੀ-ਟਵੰਟੀ ਕ੍ਰਿਕਟ ਵਿਸ਼ਵ ਕੱਪ ਦੇ ਫਾਈਨਲ ਵਿੱਚ ਅੱਜ ਭਾਰਤ ਦਾ ਸਾਹਮਣਾ ਦੱਖਣੀ ਅਫਰੀਕਾ ਨਾਲ- ਰਾਤ ਆਠ ਵਜੇ ਸ਼ੁਰੂ ਹੋਵੇਗਾ ਮੈਚ ।

-----------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੱਲ੍ਹ 30 ਜੂਨ ਨੂੰ, ਸਵੇਰੇ 11 ਵਜੇ ਆਕਾਸ਼ਵਾਣੀ 'ਤੇ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਦੇਸ਼-ਵਿਦੇਸ਼ ਦੇ ਲੋਕਾਂ ਨਾਲ, ਆਪਣੇ ਵਿਚਾਰ ਸਾਂਝੇ ਕਰਨਗੇ । ਇਹ ਮਹੀਨੇਵਾਰ ਰੇਡੀਓ ਪ੍ਰੋਗਰਾਮ ਦਾ 111ਵਾਂ ਐਪੀਸੋਡ ਹੋਵੇਗਾ । ਸ੍ਰੀ ਮੋਦੀ ਦੇ ਲਗਾਤਾਰ ਤੀਜੀ ਵਾਰ, ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ 'ਮਨ ਕੀ ਬਾਤ' ਪ੍ਰੋਗਰਾਮ ਦਾ ਇਹ ਪਹਿਲਾ ਐਪੀਸੋਡ ਏ । ਇਹ ਪ੍ਰੋਗਰਾਮ ਆਕਾਸ਼ਵਾਣੀ ਤੇ ਦੂਰਦਰਸ਼ਨ, ਆਕਾਸ਼ਵਾਣੀ ਵੈੱਬਸਾਈਟ ਅਤੇ ਨਿਊਜ਼ ਆਨ ਏ ਆਈ ਆਰ ਮੋਬਾਈਲ ਐਪ ਦੇ ਪੂਰੇ ਨੈੱਟਵਰਕ 'ਤੇ ਪ੍ਰਸਾਰਿਤ ਕੀਤਾ ਜਾਵੇਗਾ । ਇਸ ਦਾ ਸਿੱਧਾ ਪ੍ਰਸਾਰਣ ਆਕਾਸ਼ਵਾਣੀ, ਡੀ ਡੀ ਨਿਊਜ਼, ਪ੍ਰਧਾਨ ਮੰਤਰੀ ਦਫਤਰ ਅਤੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ ਯੂ ਟਿਊਬ ਚੈਨਲਾਂ 'ਤੇ ਵੀ ਕੀਤਾ ਜਾਵੇਗਾ । ਹਿੰਦੀ ਪ੍ਰਸਾਰਣ ਤੋਂ

ਤੁਰੰਤ ਬਾਅਦ ਇਹ ਪ੍ਰੋਗਰਾਮ, ਖੇਤਰੀ ਭਾਸ਼ਾਵਾਂ ਵਿੱਚ ਪ੍ਰਸਾਰਿਤ ਕੀਤਾ ਜਾਵੇਗਾ।

---------------------------------------------------------

ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ, ਕਿ ਆਫ਼ਤ ਪ੍ਰਬੰਧਨ ਵਿੱਚ ਦੇਸ਼ ਵਧੀਆ ਅਭਿਆਸਾਂ ਨੂੰ ਅਪਣਾ ਰਿਹਾ ਏ। ਨਵੀਂ ਦਿੱਲੀ ਵਿਚ ਅੱਜ ਇਕ ਸਮਾਗਮ ਦੌਰਾਨ, ਉਨਾਂ ਕਿਹਾ ਕਿ ਕੌਮੀ ਆਫ਼ਤ ਪ੍ਰਬੰਧਨ ਫੋਰਸ - ਐਨ.ਡੀ.ਆਰ.ਐਫ. ਹਮੇਸ਼ਾ ਇਹ ਯਕੀਨੀ ਬਣਾਉਣਾ ਚਾਹੁੰਦੀ ਏ, ਕਿ ਕਿਸੇ ਵੀ ਆਫ਼ਤ ਵਿੱਚ ਕੋਈ ਜ਼ਖਮੀ ਨਾ ਹੋਵੇ। ਅਮਿਤ ਸ਼ਾਹ ਨੇ ਕਿਹਾ ਕਿ ਐਨ.ਡੀ.ਆਰ.ਐਫ. ਦੇ ਆਧੁਨਿਕੀਕਰਨ ਵਿੱਚ ਨਰੇਂਦਰ ਮੋਦੀ ਸਰਕਾਰ ਨੇ ਕੋਈ ਕਸਰ ਬਾਕੀ ਨਹੀਂ ਛੱਡੀ ਏ।

---------------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਏ ਕਿ ਸੂਬਾ ਸਰਕਾਰ ਸ਼ੇਰ- ਏ- ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਕਸ਼ੇ-ਕਦਮਾਂ 'ਤੇ ਚੱਲ ਰਹੀ ਏ ਤਾਂ ਜੋ ਸਮਾਜ ਦੇ ਹਰ ਵਰਗ ਦੀ ਭਲਾਈ ਯਕੀਨੀ ਬਣਾਈ ਜਾ ਸਕੇ। ਮਹਾਰਾਜਾ ਦੀ ਬਰਸੀ ਮੌਕੇ ਸੰਗਰੂਰ ਵਿਖੇ

ਹੋਏ ਰਾਜ ਪੱਧਰੀ ਸਮਾਗਮ ਦੌਰਾਨ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਉਨਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਇਕ ਮਹਾਨ ਬਾਦਸ਼ਾਹ ਸਨ, ਜਿਨ੍ਹਾਂ ਨੇ ਮਹਾਨ ਸਿੱਖ ਗੁਰੂਆਂ ਵੱਲੋਂ ਪ੍ਰਚਾਰੇ ਗਏ ਧਰਮ ਨਿਰਪੱਖਤਾ ਅਤੇ ਸਮਾਜਵਾਦ ਦੇ ਸਿਧਾਂਤਾਂ ਨੂੰ ਸਹੀ ਮਾਅਨਿਆਂ ਵਿੱਚ ਲਾਗੂ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਕ ਸੱਚਾ ਸਿੱਖ ਹੋਣ ਦੇ ਨਾਤੇ ਨਿਆਂ ਵਿਵਸਥਾ ਅਤੇ ਆਪਣੀ ਜਨਤਾ ਦੀ ਭਲਾਈ ਯਕੀਨੀ ਬਣਾਈ ਅਤੇ ਲੋਕਾਂ ਦੀ ਦਿੱਕਤਾਂ ਨੂੰ ਮਹਿਸੂਸ ਕਰਨ ਲਈ ਰਾਤ ਨੂੰ ਭੇਸ ਬਦਲ-ਬਦਲ ਕੇ ਆਪਣੇ ਰਾਜ ਦਾ ਦੌਰਾ ਵੀ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਪ੍ਰਤੀ ਪਿਆਰ ਅਤੇ ਸਨੇਹ ਕਾਰਨ ਹੀ ਮਹਾਰਾਜਾ ਰਣਜੀਤ ਸਿੰਘ ਲੋਕਾਂ ਦੇ ਸੱਚੇ ਬਾਦਸ਼ਾਹ ਸਨ।

---------------------------------------------------------------

ਇਸ ਦੌਰਾਨ ਕੇਂਦਰ ਸਰਕਾਰ ਵਲੋਂ ਪੇਪਰ ਲੀਕ ਮਾਮਲੇ ਵਿਚ ਕੀਤੀ ਗਈ ਤੁਰੰਤ ਕਾਰਵਾਈ ਤੇ ਆਮ ਲੋਕ ਕਾਫੀ ਸੰਤੁਸ਼ਟ ਨੇ। ਸੂਬੇ ਦੇ ਵੱਖ ਵੱਖ ਜ਼ਿਲਿਆਂ ਦੇ ਲੋਕਾਂ ਦਾ ਕਹਿਣਾ ਏ ਕਿ ਕੇਂਦਰ ਸਰਕਾਰ ਵਲੋਂ ਕੀਤੀ ਜਾ ਰਹੀ ਕਾਰਵਾਈ ਸ਼ਲਾਘਾਯੋਗ ਏ।

----------------------------------------------------------------

ਪਠਾਨਕੋਟ ਜ਼ਿਲੇ ਦੇ ਸਰਹੱਦੀ ਖੇਤਰ ਦੇ ਬਮਿਆਲ ਸੈਕਟਰ ਦੇ ਪਿੰਡ ਕੋਟ ਭੱਟੀਆਂ ਵਿੱਚ ਬੀਤੇ ਦਿਨ ਇੱਕ ਪ੍ਰਵਾਸੀ ਮਜ਼ਦੂਰ ਵੱਲੋਂ ਸ਼ੱਕੀ ਵਿਅਕਤੀ ਦੇਖਣ ਤੋਂ ਬਾਅਦ ਵੀਰਵਾਰ ਦੀ ਰਾਤ ਫੇਰ ਜੰਮੂ ਕਸ਼ਮੀਰ ਤੇ ਪੰਜਾਬ ਬਾਰਡਰ 'ਤੇ ਸਥਿਤ ਪਿੰਡ ਕੀੜੀ ਮਗਿਆਲ ਵਿਖੇ ਵੀ, ਇੱਕ ਨੌਜਵਾਨ ਵੱਲੋਂ ਇੱਕ ਸ਼ੱਕੀ ਵਿਅਕਤੀ ਨੂੰ ਦੇਖਣ ਦਾ ਮਾਮਲਾ ਸਾਹਮਣੇ ਆਇਆ ਸੀ। ਜਿਸ ਦੇ ਚਲਦੇ ਸੁਰੱਖਿਆ ਏਜੰਸੀਆਂ ਨੇ ਨੋਜਵਾਨ ਤੋਂ ਪੁੱਛਗਿੱਛ ਕਰਨ ਤੋਂ ਬਾਅਦ, ਇੱਕ ਸਕੈਚ ਜਾਰੀ ਕੀਤਾ ਏ। ਪੰਜਾਬ ਪੁਲਿਸ ਦੇ DIG ਬਾਰਡਰ ਰੇਂਜ ਰਾਕੇਸ਼ ਕੌਸ਼ਲ ਨੇ ਕਿਹਾ ਕਿ ਲੋਕਾਂ ਵਲੋਂ ਦਿੱਤੀ ਜਾਣਕਾਰੀ ਦੇ ਆਧਾਰ ਤੇ ਇਹ ਸ੍ਕੈਚ ਨੂੰ ਤਿਆਰ ਕੀਤਾ ਗਿਆ ਏ। ਉਨਾਂ ਕਿਹਾ ਕਿ ਜੇਕਰ ਸਰਹੱਦੀ ਖੇਤਰ ਵਿੱਚ ਕਿਸੇ ਵੀ ਵਿਅਕਤੀ ਨੂੰ ਇਸ ਸ਼ਕਲ ਦਾ ਵਿਅਕਤੀ ਮਿਲਦਾ ਏ, ਤਾਂ ਤੁਰੰਤ ਨਜ਼ਦੀਕੀ ਪੁਲਿਸ ਸਟੇਸ਼ਨ ਵਿੱਚ ਸੂਚਨਾ ਦੇਵੇ ਤਾਂ ਜੋ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

----------------------------------------------------------------

ਦੇਸ਼ ਵਿਚ ਅੰਗਰੇਜ਼ੀ ਰਾਜ ਸਮੇ ਬਣੇ ਤਿੰਨ ਕਾਨੂੰਨਾਂ ਦੀ ਥਾਂ ਪਹਿਲੀ

ਜੁਲਾਈ ਤੋਂ ਨਵੇਂ ਕਾਨੂੰਨ ਭਾਰਤੀ ਨਿਆਏ ਸੰਹਿਤਾ, ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ ਅਤੇ ਭਾਰਤੀ ਸਾਕਸ਼ਯ ਐਕਟ ਲਾਗੂ ਹੋ ਜਾਣਗੇ। ਇਹ ਨਵੇਂ ਕ਼ਾਨੂਨ ਮੌਜੂਦਾ ਸਮੇਂ ਮੁਤਾਬਿਕ ਬਣਾਏ ਗਏ ਨੇ।

***ਹੋਰ ਵੇਰਵੇ ਨਾਲ ਇਹ ਰਿਪੋਰਟ : ਡਿਸਪੈਚ: ਹੁਣ ਕਿਤੋਂ ਵੀ, ਕਿਸੇ ਵੀ ਸਮੇਂ ਐਫ ਆਈ ਆਰ ਦਰਜ ਕਰਵਾਈ ਜਾ ਸਕਦੀ ਏ, ਕਿਉਂਕਿ ਨਵੇਂ ਕਾਨੂੰਨ ਇਲੈਕਟ੍ਰਾਨਿਕ ਐਫ ਆਈ ਆਰ ਯਾਨੀ ਈ - ਐਫ ਆਈ ਆਰ ਦਾ ਹੱਕ ਦੇਂਦੇ ਨੇ। ਹੁਣ ਆਪਣੇ ਮੋਬਾਈਲ ਜਾਂ ਕੰਪਿਊਟਰ ਤੋਂ ਈ - ਐਫ ਆਈ ਆਰ ਦਰਜ ਕਰਕੇ ਸਹੂਲਤ ਅਨੁਸਾਰ ਤਿੰਨ ਦਿਨਾਂ ਦੇ ਅੰਦਰ ਪੁਲਿਸ ਸਟੇਸ਼ਨ ਜਾ ਕੇ ਆਪਣੇ ਐਫ ਆਈ ਆਰ ਦਸਤਾਵੇਜ਼ 'ਤੇ ਦਸਤਖਤ ਕਰਨੇ ਹੋਣਗੇ। ਈ-ਐਫ ਆਈ ਆਰ ਦੀ ਸਹੂਲਤ ਨੂੰ ਹੁਣ ਪੀੜਤ ਦਾ ਅਧਿਕਾਰ ਬਣਇਆ ਗਿਆ ਏ। ਪਹਿਲੀ ਜੁਲਾਈ ਤੋਂ ਲਾਗੂ ਹੋਣ ਵਾਲੇ ਆਜ਼ਾਦ ਭਾਰਤ ਦੇ ਇਹ ਆਪਣੇ ਨਵੇਂ ਕ਼ਾਨੂਨ - ਦਸਤਾਵੇਜਾਂ ਦੀ ਪਰਿਭਾਸ਼ਾ ਦਾ ਵਿਸਤਾਰ ਕਰਕੇ ਇਲੈਕਟ੍ਰਾਨਿਕ ਜਾਂ ਡਿਜੀਟਲ ਰਿਕਾਰਡਸ ਵਰਗੇ ਈ-ਮੇਲ, ਸਰਵਰ ਲੋਗਸ, ਕੰਪਿਊਟਰ, ਸਮਾਰਟ ਫੋਨ, ਲੈਪਟਾਪਸ, ਐਸ***

*ਐਮ ਐਸ, ਵੈਬਸਾਈਟ, ਸਥਾਨਿਕ ਸਬੂਤ, ਡਿਵਾਈਸ 'ਤੇ ਉਪਲਬਧ ਮੇਲ ਤੇ ਸੰਦੇਸ਼ ਆਦਿ ਨੂੰ ਕਾਨੂੰਨੀ ਵੈਧਤਾ ਪ੍ਰਦਾਨ ਕਰਦੇ ਨੇ। ਨਵੇਂ ਅਪਰਾਧਿਕ ਕਾਨੂੰਨ ਤਹਿਤ ਸਬੂਤ ਦੀ ਪਰਿਭਾਸ਼ਾ ਦਾ ਵਿਸਥਾਰ ਕੀਤਾ ਗਿਆ। ਇਲੈਕਟ੍ਰਾਨਿਕ ਤਰੀਕੇ ਨਾਲ ਦਿੱਤੇ ਗਏ ਬਿਆਨ ਅਤੇ ਇਲੈਕਟ੍ਰਾਨਿਕ ਜਾਂ ਡਿਜੀਟਲ ਰਿਕਾਰਡ ਹੁਣ ਸਬੂਤ ਦੀ ਪਰਿਭਾਸ਼ਾ ਵਿੱਚ ਸ਼ਾਮਲ ਕੀਤੇ ਗਏ ਨੇ। ਇਸਦੇ ਨਾਲ ਹੀ ਗਵਾਹਾਂ, ਮੁਲਜ਼ਮਾਂ, ਮਾਹਿਰਾਂ ਅਤੇ ਪੀੜਤਾਂ ਨੂੰ ਇਲੈਕਟ੍ਰਾਨਿਕ ਰੂਪ ਵਿੱਚ ਪੇਸ਼ ਹੋਣ ਦੀ ਇਜਾਜ਼ਤ, ਤਲਾਸ਼ੀ ਜਾਂ ਜ਼ਬਤੀ ਦੀ ਕਾਰਵਾਈ ਵਿੱਚ, ਆਡੀਓ ਵੀਡੀਓ ਰਿਕਾਰਡਿੰਗ ਨੂੰ ਲਾਜ਼ਮੀ ਬਣਾ ਦਿੱਤਾ ਗਿਆ ਏ। ਯਕੀਨਨ ਨਵੇਂ ਕਾਨੂੰਨ ਦਾ ਵਾਅਦਾ ਏ ਛੇਤੀ ਨਿਆਂ ਅਤੇ ਵਿੱਚ ਕੋਈ ਅੜਿਕਾ ਨਹੀਂ। ਬਿਊਰੋ ਰਿਪੋਰਟ ਨਾਲ ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ*

---------------------------------------------------------------

ਇਸ ਦੌਰਾਨ ਕ਼ਾਨੂਨ ਖੇਤਰ ਨਾਲ ਜੁੜੇ ਮੁਕਤਸਰ ਜ਼ਿਲੇ ਤੋਂ ਮਾਹਰ ਤਿੰਨ ਨਵੇਂ ਕਾਨੂੰਨਾਂ ਨੂੰ, ਲੋਕ ਹਿੱਤ ਵਿਚ ਦੱਸਦੇ ਨੇ।

---------------------------------------------------------------

ਨੈਸ਼ਨਲ ਸੈਂਪਲ ਸਰਵੇ ਆਫ਼ਿਸ ਦੇ ਜਲੰਧਰ ਸਥਿਤ ਖੇਤਰੀ ਦਫ਼ਤਰ ਨੇ "ਅੰਕੜਾ ਦਿਵਸ" ਮਨਾਇਆ । ਇਸ ਸਮਾਗਮ ਵਿੱਚ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਸ਼ਮੂਲੀਅਤ ਕੀਤੀ। ਇਸ ਸਾਲ ਦੀ ਥੀਮ ਏ 'ਫੈਸਲੇ ਲੈਣ ਲਈ ਡੇਟਾ ਦੀ ਵਰਤੋਂ'। ਦਫਤਰ ਦੇ ਜੁਆਇੰਟ ਡਾਇਰੈਕਟਰ ਪੱਲਵੀ ਅਗਰਵਾਲ ਸ਼੍ਰੀ ਵਾਸਤਵ ਨੇ ਸਮਾਗਮ ਦਾ ਉਦਘਾਟਨ ਕੀਤਾ। ਉਨ੍ਹਾਂ ਪ੍ਰੋਫੈਸਰ ਪੀ. ਸੀ. ਮਹਾਲ-ਨੋਬਿਸ ਨੂੰ ਭਾਰਤੀ ਅੰਕੜਾ ਪ੍ਰਣਾਲੀ ਦਾ ਪਿਤਾਮਾ ਦੱਸਿਆ ਅਤੇ ਦੇਸ਼ ਦੀ ਯੋਜਨਾ ਪ੍ਰਕਿਰਿਆ ਤੇ ਵੱਡੇ ਪੈਮਾਨੇ ਦੇ ਨਮੂਨਾ ਸਰਵੇਖਣਾਂ ਦੇ ਵਿਕਾਸ ਵਿੱਚ ਪ੍ਰੋਫੈਸਰ ਪੀ. ਸੀ. ਮਹਾਲ-ਨੋਬਿਸ ਦੇ ਮਹੱਤਵਪੂਰਨ ਯੋਗਦਾਨ ਦਾ ਜ਼ਿਕਰ ਕੀਤਾ, ਜਿਹੜਾ ਅੰਕੜਿਆਂ ਲਈ ਉਨ੍ਹਾਂ ਦੇ ਸਭ ਤੋਂ ਮਹੱਤਵਪੂਰਨ ਅਤੇ ਸਥਾਈ ਤੋਹਫ਼ੇ ਨੇ। ਸੀਨੀਅਰ ਅੰਕੜਾ ਅਫਸਰ ਉਮੇਸ਼ ਕੁਮਾਰ ਲਿੰਬੂ ਨੇ ਨੀਤੀ ਨਿਰਮਾਣ ਵਿੱਚ 'ਫੈਸਲੇ ਲੈਣ ਲਈ ਡੇਟਾ ਦੀ ਵਰਤੋਂ' ਦੀ ਮਹੱਤਤਾ ਬਾਰੇ ਦੱਸਿਆ ਜਦਕਿ ਮਨੀਸ਼ਾ ਤੇ ਗੌਰਵ ਜੈਨ ਨੇ ਦੇਸ਼ ਵਿੱਚ ਆਰਥਿਕ ਯੋਜਨਾਬੰਦੀ ਵਿੱਚ ਪ੍ਰੋਫੈਸਰ ਮਹਾਲ-ਨੋਬਿਸ ਦੀ ਭੂਮਿਕਾ 'ਤੇ ਚਾਨਣਾ

ਪਾਇਆ । ਸੀਨੀਅਰ ਅੰਕੜਾ ਅਫਸਰ ਜੈ ਭਗਵਾਨ ਸਮੇਤ ਹੋਰ ਅਧਿਕਾਰੀ ਇਸ ਮੌਕੇ ਤੇ ਮੌਜੂਦ ਰਹੇ ।

------------------------------------------------------------

ਟਵੰਟੀ-ਟਵੰਟੀ ਕ੍ਰਿਕਟ ਵਿਸ਼ਵ ਕੱਪ ਦੇ ਫਾਈਨਲ ਵਿੱਚ, ਅੱਜ ਭਾਰਤ ਦਾ ਸਾਹਮਣਾ ਦੱਖਣੀ ਅਫਰੀਕਾ ਨਾਲ ਹੋਵੇਗਾ । ਬਾਰਬਾ-ਡੋਸ ਵਿੱਚ ਇਹ ਮੈਚ ਭਾਰਤੀ ਸਮੇਂ ਅਨੁਸਾਰ ਰਾਤ 8 ਵਜੇ ਸ਼ੁਰੂ ਹੋਵੇਗਾ । ਰੋਹਿਤ ਸ਼ਰਮਾ ਦੀ ਅਗਵਾਈ ਵਿਚ ਭਾਰਤੀ ਟੀਮ ਨੇ ਸੈਮੀਫਾਈਨਲ ਵਿਚ ਪਿਛਲੀ ਜੇਤੂ ਇੰਗਲੈਂਡ ਨੂੰ 68 ਦੌੜਾਂ ਨਾਲ ਹਰਾ ਕੇ ਫਾਈਨਲ 'ਚ ਜਗ੍ਹਾ ਬਣਾਈ ਸੀ । ਭਾਰਤ ਤੀਜੀ ਵਾਰ ਟੂਰਨਾਮੈਂਟ ਦੇ ਫਾਈਨਲ ਵਿੱਚ ਪੁੱਜਿਆ ਏ । ਭਾਰਤ ਤੇ ਦੱਖਣੀ ਅਫਰੀਕਾ ਦੋਵੇਂ ਹੀ ਇਸ ਟੂਰਨਾਮੈਂਟ ਵਿੱਚ ਅਜੇਤੂ ਨੇ ।

------------------------------------------------------------

ਮੋਹਾਲੀ ਵਿਖੇ ਬੱਚਿਆਂ ਦਾ 39ਵਾਂ ਰਾਸ਼ਟਰੀ ਕੈਂਪ ਅੱਜ ਖਤਮ ਹੋਇਆ । ਇਸ ਛੇ ਦਿਨ ਦੇ ਕੈਂਪ ਵਿੱਚ ਉੱਤਰ ਪੂਰਵ ਸਮੇਤ 16 ਸੂਬਿਆਂ ਦੇ ਵਿਦਿਆਰਥੀਆਂ ਨੇ ਭਾਗ ਲਿਆ । ਕੈਂਪ ਦੀ ਮੇਜ਼ਬਾਨੀ ਪੰਜਾਬ ਬਾਲ

ਭਲਾਈ ਕੌਂਸਲ ਵੱਲੋਂ ਕੀਤੀ ਗਈ । ਸਮਾਪਤੀ ਸਮਾਗਮ ਦੇ ਮੁੱਖ ਮਹਿਮਾਨ ਚੰਡੀਗੜ੍ਹ ਸਥਿਤ ਸਰਕਾਰੀ ਆਰਟਸ ਕਾਲਜ ਦੇ ਸਾਬਕਾ ਪ੍ਰਿੰਸੀਪਲ ਸਾਧਨਾ ਸੰਗਰ ਰਹੇ । ਆਪਣੇ ਸੰਬੋਧਨ ਵਿੱਚ ਉਨਾਂ ਕੈਂਪ ਦੇ ਆਯੋਜਨ ਦੀ ਸ਼ਲਾਘਾ ਕੀਤੀ, ਕਿਉਂਕਿ ਇਹ ਭਾਰਤ ਦੇ ਗਰੀਬ ਤੇ ਵਾਂਝੇ ਪਰਿਵਾਰਾਂ ਅਤੇ ਅਨੁਸੂਚਿਤ ਕਬੀਲਿਆਂ ਦੇ ਬੱਚਿਆਂ ਵਿੱਚ ਕੌਮੀ ਏਕਤਾ ਦੀ ਭਾਵਨਾ ਪੈਦਾ ਕਰਨ ਦੇ ਮੰਤਵ ਨਾਲ ਆਯੋਜਿਤ ਕੀਤਾ ਗਿਆ । ਕੈਂਪ ਦੌਰਾਨ ਯੋਗਾ ਕਲਾਸਾਂ, ਡਰਾਇੰਗ ਤੇ ਪੇਂਟਿੰਗ ਸਮੇਤ ਕਈ ਗਤੀਵਿਧੀਆਂ ਕਰਵਾਈਆਂ ਗਈਆਂ । ਵਿਦਿਆਰਥੀਆਂ ਨੂੰ ਪਿੰਜੋਰ ਗਾਰਡਨ, ਨਾਢਾ ਸਾਹਿਬ ਗੁਰਦੁਆਰਾ ਤੇ ਰੌਕ ਗਾਰਡਨ ਦੀ ਸੈਰ ਲਈ ਲਿਜਾਇਆ ਗਿਆ । ਸਾਰੇ ਸੂਬਿਆਂ ਦੇ ਵਿਦਿਆਰਥੀਆਂ ਵਿਚ ਪੰਜਾਬ ਦਾ ਭੰਗੜਾ ਖਿੱਚ ਦਾ ਕੇਂਦਰ ਬਣਿਆ ਰਿਹਾ ਅਤੇ ਬਾਹਰਲੇ ਸੂਬਿਆਂ ਦੇ ਵਿਦਿਆਰਥੀਆਂ ਨੇ ਇਸ ਨੂੰ ਸਿੱਖਣ ਵਿਚ ਖਾਸ ਦਿਲਚਸਪੀ ਲਈ ।

---

<u>**ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ**</u>

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਭਲਕੇ 30 ਜੂਨ ਨੂੰ ਸਵੇਰੇ 11 ਵਜੇ ਆਕਾਸ਼ਵਾਣੀ 'ਤੇ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਦੇਸ਼-ਵਿਦੇਸ਼ ਦੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ।
- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਨੁਸਾਰ ਆਫ਼ਤ ਪ੍ਰਬੰਧਨ ਵਿੱਚ ਦੇਸ਼ ਵਧੀਆ ਅਭਿਆਸਾਂ ਨੂੰ ਅਪਣਾ ਰਿਹਾ ਏ।
- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ, ਕਿਹਾ ਏ ਕਿ ਸੂਬਾ ਸਰਕਾਰ ਸ਼ੇਰ- ਏ- ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਕਸ਼ੇ-ਕਦਮਾਂ 'ਤੇ ਚੱਲ ਰਹੀ ਏ ਤਾਂ ਜੋ ਸਮਾਜ ਦੇ ਹਰ ਵਰਗ ਦੀ ਭਲਾਈ ਯਕੀਨੀ ਬਣਾਈ ਜਾ ਸਕੇ।
- ਟਵੰਟੀ-ਟਵੰਟੀ ਕ੍ਰਿਕਟ ਵਿਸ਼ਵ ਕੱਪ ਦੇ ਫਾਈਨਲ ਵਿੱਚ ਅੱਜ ਭਾਰਤ ਦਾ ਸਾਹਮਣਾ ਦੱਖਣੀ ਅਫਰੀਕਾ ਨਾਲ- ਰਾਤ ਆਠ ਵਜੇ ਸ਼ੁਰੂ ਹੋਵੇਗਾ ਮੈਚ।